**ਲਾਜ਼ਮੀ ਪੰਜਾਬੀ**

**ਬਾਰ੍ਹਵੀ-ਸ਼੍ਰੇਣੀ**

**ਨਮੂਨੇ ਦਾ ਪ੍ਰਸ਼ਨ ਪੱਤਰ**

**ਸਮਾਂ: 3 ਘੰਟੇ** **ਲਿਖਤੀ ਅੰਕ: 65**

**ਆਂਤਰਿਕ ਮੁਲਾਂਕਣ: 10**

**ਕੁੱਲ: 75**

**ਸਾਰੇ ਪ੍ਰਸ਼ਨ ਜ਼ਰੂਰੀ ਹਨ ਹਰ ਇੱਕ ਪ੍ਰਸ਼ਨ ਇੱਕ ਅੰਕ ਦਾ ਹੈ।**

(ੳ) ਡਾ. ਬਰਿੰਦਰ ਕੌਰ ਦੀ ਕਿਹੜੀ ਰਚਨਾ 'ਲਾਜ਼ਮੀ ਪੰਜਾਬੀ' ਪੁਸਤਕ ਵਿੱਚ ਸ਼ਾਮਲ ਕੀਤੀ ਗਈ ਹੈ?

(ਅ) ਦੱਸੋ ਇਹ ਕਥਨ ਠੀਕ ਹੈ ਜਾਂ ਗ਼ਲਤ:

' ਪੰਜਾਬ ਦੇ ਬਹੁਤੇ ਮੇਲੇ ਮੌਸਮਾਂ,ਰੁੱਤਾ ਅਤੇ ਤਿਉਹਾਰਾਂ ਨਾਲ਼ ਸੰਬੰਧਿਤ ਹਨ।

(ੲ) ਪੰਜਾਬੀ ਜਵਾਨਾ ਦੀ ਮੰਨ ਪਸੰਦ ਖੇਡ ਦਾ ਨਾਂ ਦੱਸੋ।

(ਸ) ਖ਼ਾਲੀ ਸਥਾਨ ਭਰੋ:

ਕੁਸ਼ਤੀਆਂ ਪੁਰਾਤਨ ਸਮੇਂ ਤੋਂ ਹੀ ----- ਲਈ ------ ਰਹੀਆਂ ਹਨ।

(ਹ) ਭਾਰਤ ਪਾਕਿਸਤਾਨ ਦੀ ਵੰਡ ਕੱਦੋਂ ਹੋਈ?

(i) 1930 ਵਿੱਚ (ii) 1942 ਵਿੱਚ

(iii) 1950 ਵਿੱਚ (iv) 1947 ਵਿੱਚ

(ਕ) ਬਿਰਖ ਦੀ ਟਾਹਣੀ ਜਾਂ ਹਰੀ ਘਾਹ ਜਿਸ ਨੂੰ 'ਦੱਭ ' ਵੀ ਕਹਿੰਦੇ ਹਨ, ਚੰਗੇ ਸ਼ਗਨਾਂ ਦੀ ਸੂਚਕ ਮੰਨੀ ਜਾਂਦੀ ਹੈ।

(ਹਾਂ ਜਾਂ ਨਾਂਹ ਵਿੱਚ ਉੱਤਰ ਲਿਖੋ)

(ਖ) 'ਮੇਰਾ ਬਚਪਨ ' ਕਵਿਤਾ ਕਿਸ ਕਵੀ ਦੀ ਰਚਨਾ ਹੈ?

(ਗ) 'ਸਾਂਝ' ਕਹਾਣੀ ਦਾ ਮੁੱਖ ਪਾਤਰ ਕੌਣ ਹੈ?

(ਘ) ਅਖਾਉਤ ਪੂਰੀ ਕਰੋ:

ਸਾਰਾ ਜਾਂਦਾ ਵੇਖੀਏ,----।

(ਙ) ਅਖਾਉਤ ਪੂਰੀ ਕਰੋ:

-----, ਬਾਹਰ ਦਾ ਜੋਗੀ ਸਿੱਧ। 10×1=10

2. **ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ:**

(ੳ) ਪੰਜਾਬੀ ਸੱਭਿਆਚਾਰ ਦੇ ਮੁੱਚ ਲੱਛਣ ਕੀ ਹਨ?

(ਅ) ਮੇਲਿਆਂ ਦਾ ਕਿਸੇ ਜਾਤੀ ਲਈ ਕੀ ਮਹੱਤਵ ਹੁੰਦਾ ਹੈ?

(ੲ) ਮਨੁੱਖੀ ਜੀਵਨ ਵਿੱਚ ਰਸਮ-ਰਿਵਾਜ਼ਾਂ ਦਾ ਕੀ ਮਹੱਤਵ ਹੈ?

(ਸ) ਲੋਕ-ਖੇਡਾਂ ਮਨੁੱਖ ਨੂੰ ਕਿਹੜੀਆਂ-ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ?

(ਹ) ਲੋਕ-ਕਿੱਤੇ ਦੀ ਵਿਸ਼ੇਸ਼ਤਾ ਕੀ ਹੈ? ਉਦਾਹਰਨਾ ਸਹਿਤ ਦੱਸੋ।

(ਕ) ਇਸਤਰੀਆਂ ਦੇ ਮੁੱਖ ਲੋਕ-ਨਾਚਾਂ ਦਾ ਸੰਖੇਪ ਵਰਣਨ ਕਰੋ?

(ਖ) 'ਨਕਲਾਂ ਵਿੱਚ ਦਰਸ਼ਕਾਂ ਦੀ ਅਹਿਮ ਭੂਮਿਕਾ ਹੁੰਦੀ ਹੈ,' ਦੱਸੋ ਕਿਵੇ?

(ਗ) ਪੰਜਾਬੀ ਸੱਭਿਆਚਾਰਿਕ ਪਰਿਵਰਤਨ ਕੀ ਹੈ? ਸੰਖੇਪ ਵਿੱਚ ਲਿਖੋ। 5×4=20

**3.** ਪ੍ਰਤਾਪ ਮੈਡੀਕਲ ਸਟੋਰ ਫ਼ਿਰੋਜ਼ਪੁਰ ਵੱਲੋਂ ਵੈਟਸਵੇ ਕੰਪਨੀ ਦਿੱਲੀ ਨੂੰ ਪੱਤਰ ਲਿਖ ਕੇ ਸ਼ਿਕਾਇਤ ਕਰੋ ਕਿ ਖ਼ਰਾਬ ਪੈਕਟਾਂ ਦੀ ਵਜ੍ਹਾ ਕਰਕੇ ਉਹਨਾਂ ਵੱਲੋਂ ਭੇਜੀ ਇੱਕ ਦਵਾਈ ਘੱਟ ਮਿਕਦਾਰ ਵਿੱਚ ਪੁੱਜੀ ਹੈ। ਵੈਟਸਵੇ ਕੋਲੋ ਨਵੇਂ ਪੈਕਟ ਮੰਗੋ ਅਤੇ ਉਹਨਾਂ ਨੂੰ ਇਸ ਪਾਸੇ ਸੁਧਾਰ ਕਰਨ ਲਈ ਸੁਝਾਅ ਦਿਉ।

ਜਾਂ

ਇੱਕ ਪੁਸਤਕ ਵਿਕਰੇਤਾ ਨੂੰ ਪੱਤਰ ਲਿਖੋ ਕਿ ਉਸ ਨੇ ਪੁਸਤਕਾਂ ਦੇ ਦਿੱਤੇ ਆਰਡਰ ਦੀ ਸਪਲਾਈ ਬਹੁਤ ਪਛੜ ਕੇ ਕੀਤੀ ਹੈ। ਉਹਨਾਂ ਵਿੱਚੋਂ ਬਹੁਤੀਆਂ ਦੇ ਨਵੇਂ ਸੰਸਕਰਨ ਆ ਗਏ ਹਨ। ਜੋ ਕਿ ਪਹਿਲੇ ਨਾਲ਼ੋਂ ਸਸਤੇ ਹਨ। ਉਸ ਨੂੰ ਪੈਸੇ ਮੋੜਨ ਲਈ ਲਿਖੋ। 2+3+1=6

4. **ਹੇਠ ਲਿਖੇ ਪੈਰੇ ਦੀ ਸੰਖੇਪ-ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ:**

ਬਹੁਤ ਸਦਗੁਣੀ ਮੱਨੁਖ ਨੂੰ ਤਰੱਕੀ ਕਰਦਾ ਦੇਖ ਕੇ ਲੋਕ ਘੱਟ ਈਰਖਾ ਕਰਦੇ ਹਨ ਕਿਉਂਕਿ ਉਹ ਆਪਣੇ ਮਨ ਵਿੱਚ ਇਹ ਸਮਝਦੇ ਹਨ ਕਿ ਇਹ ਆਦਮੀ ਇਸ ਆਦਰ ਦਾ ਪਾਤਰ ਹੈ। ਕਰਜ਼ ਦੇਣ ਨਾਲ਼ ਕੋਈ ਕਿਸੇ ਦੀ ਨਿੰਦਿਆ ਨਹੀਂ ਕਰਦਾ, ਪਰ ਉਦਾਰਤਾ ਨਾਲ਼ ਕਿਸੇ ਨੂੰ ਕੁਝ ਦਿੰਦਾ ਵੇਖ ਕੇ ਮਨੁੱਖ ਈਰਖਾ ਕਰਨ ਲੱਗਦੇ ਹਨ। ਜਿਨ੍ਹਾਂ ਮਨੁੱਖਾਂ ਦੀ ਆਪਸ ਵਿੱਚ ਬਰਾਬਰੀ ਨਹੀਂ ਹੋ ਸਕਦੀ ਉਹਨਾਂ ਵਿੱਚ ਈਰਖਾ ਭੀ ਕਦੇ ਨਹੀਂ ਜਾਗਦੀ। ਇਸੇ ਕਰਕੇ ਰਾਜਿਆਂ ਦੀ ਈਰਖਾ ਰਾਜੇ ਹੀ ਕਰਦੇ ਹਨ ਹੋਰ ਨਹੀਂ। ਇਹ ਭੀ ਯਾਦ ਰੱਖਣਾ ਚਾਹੀਦਾ ਹੈ ਕਿ ਜਦ ਯੋਗਤਾ ਰਹਿਤ ਮਨੁੱਖਾਂ ਦੀ ਤਰੱਕੀ ਹੋ ਜਾਂਦੀ ਹੈ ਤਦ ਉਹ ਪਹਿਲੇ ਪਹਿਲ ਭਾਰੀ ਨਿੰਦਿਆ ਦੇ ਪਾਤਰ ਬਣ ਜਾਂਦੇ ਹਨ। ਪਰ ਕੁਝ ਸਮੇਂ ਪਿਛੋਂ ਲੋਕ ਉਹਨਾਂ ਨੂੰ ਈਰਖਾ ਦੀ ਨਜ਼ਰ ਨਾਲ਼ ਦੇਖਣਾ ਬੰਦ ਕਰ ਦਿੰਦੇ ਹਨ। ਉਹਨਾਂ ਦੀ ਬਾਬਤ ਉਸ ਵੇਲੇ ਸਭ ਨਾਲ਼ੋਂ ਵੱਧ ਨਿੰਦਿਆ ਹੁੰਦੀ ਹੈ ਜਦੋਂ ਲੋਕ ਉਹਨਾਂ ਨੂੰ ਬਹੁਤ ਸਮੇਂ ਤੱਕ ਆਪਣੀ ਸੰਪਤੀ ਭੋਗਦਾ ਹੋਇਆ ਦੇਖਦੇ ਹਨ। ਜਿਹੜੇ ਲੋਕ ਲੰਬੇ-ਲੰਬੇ ਸਫ਼ਰ ਕਰਕੇ ਅਤੇ ਕਈ ਦੁੱਖ ਅਤੇ ਸੰਕਟ ਭੋਗ ਕੇ ਉਨੱਤੀ ਕਰਦੇ ਹਨ, ਉਹਨਾਂ ਨਾਲ਼ ਭੀ ਈਰਖਾ ਬਹੁਤ ਘੱਟ ਹੁੰਦੀ ਹੈ। ਮਨੁੱਖ ਸਮਝਦੇ ਹਨ ਕਿ ਇਜ਼ਤ ਪਾਉਣ ਲਈ ਉਹਨਾਂ ਲੋਕਾਂ ਨੂੰ ਅਨੇਕਾਂ ਕਸ਼ਟ ਸਹਾਰਨੇ ਪਏ ਹਨ। ਇਸ ਲਈ ਮਨੁੱਖਾਂ ਨੂੰ ਉਹਨਾਂ ਉੱਤੇ ਦਇਆ ਆਉਂਦੀ ਹੈ। ਈਰਖਾ ਰੂਪੀ ਰੋਗ ਦੀ ਦਇਆ ਰੂਪੀ ਇੱਕ ਭਾਰੀ ਦਵਾਈ ਹੈ। 1+3=4

5. **ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ-ਇੱਕ ਸ਼ਬਦ-ਸਮੂਹ ਨੂੰ ਕੋਸ਼ ਤਰਤੀਬ ਅਨੁਸਾਰ ਲਿਖੋ:**

| (i) | (ii) |
|---|---|
| ਸਹਿਜੇ | ਖ਼ਾਲਸਾ |
| ਹੰਗਾਮਾ | ਖ਼ੁਦਾਈ |
| ਉਪਬੋਲੀ | ਖ਼ੂਨ |
| ਕਸਰਤ | ਖ਼ੁਸ਼ਕ |
| ਅਵਾਜ਼ | ਖ਼ਿਆਨਤ |

ਮਕਸਦ ਖ਼ਰੀਦ 3

6. **ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਦਰਾ ਕਰੋ:**

(i) ਮੇਰੀ ਇੱਛਾ ਹੈ ਕਿ ਮੈਂ ਅਮੀਰ ਹੋਵਾਂ।

(ਵਿਸਮੈ-ਵਾਚਕ ਵਾਕ)

(ii) ਮੈਂ ਚਾਹੁੰਦੀ ਹਾਂ ਕਿ ਵਿਆਕਰਨ ਦੀ ਪੁਸਤਕ ਛੇਤੀ ਛਪੇ।

(ਸਾਧਾਰਨ- ਵਾਕ)

(iii) ਜੇਕਰ ਪਰਹੇਜ਼ ਨਹੀਂ ਰੱਖੋਗੇ ਤਾਂ ਸਿਹਤ ਖ਼ਰਾਬ ਹੋ ਜਾਵੇਗੀ।

(ਹਾਂ-ਵਾਚਕ ਵਾਕ)

(iv) ਕੋਈ ਸੋਹਣਾ ਜਿਹਾ ਗੀਤ ਸੁਣਾਓ।

(ਪ੍ਰਸ਼ਨ-ਵਾਚਕ ਵਾਕ)

(v) ਬਲਜੀਤ ਨੇ ਚਾਹ ਪੀਤੀ।

(ਕਰਮਣੀ-ਵਾਚ) 3×1=3

7. **ਹੇਠ ਲਿਖੀਆਂ ਅਖਾਂਉਤਾਂ ਵਿੱਚੋ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤੋ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ:**

(ੳ) ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ਼ ਨਹੀਂ ਲਹਿੰਦੀ।

(ਅ) ਖਿੱਦੋ ਫੋਲਿਆਂ ਲੀਰਾਂ ਹੀ ਨਿਕਲ਼ਣੀਆਂ ਹਨ।

(ੲ) ਘਰ ਦਾ ਸੜਿਆ ਵਣ ਗਿਆ ਵਣ ਨੂੰ ਲੱਗੀ ਅੱਗ।

(ਸ) ਟੁੱਟੀਆਂ ਬਾਹਾਂ ਗੱਲ਼ ਨੂੰ ਆਉਂਦੀਆਂ ਹਨ।

(ਹ) ਬਿਨਾਂ ਰੋਇਆ ਮਾਂ ਵੀ ਦੁੱਧ ਨਹੀਂ ਦਿੰਦੀ।

(ਕ) ਅੰਨਾ ਹਾਥੀ ਤੇ ਲਸ਼ਕਰ ਦਾ ਉਜਾੜਾ।

(ਖ) ਆਪਣਾ ਮਾਰੇਗਾ ਤਾਂ ਛਾਂਵੇ ਹੀ ਸੁੱਟੇਗਾ। 4×2=8

**੮. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ:**

(ੳ) ਪੁਰਾਣੇ ਪੰਜਾਬ ਨੂੰ ਆਵਾਜ਼ਾਂ (ਪ੍ਰੋ. ਪੂਰਨ ਸਿੰਘ)

(ਅ) ਮੇਰਾ ਬਚਪਨ (ਹਰਿਭਜਨ ਸਿੰਘ)

(ੲ) ਵਗਦੇ ਪਾਣੀ (ਡਾ. ਦੀਵਾਨ ਸਿੰਘ ਕਾਲ਼ੇਪਾਣੀ) 4

**੯. ਕਿਸੇ ਇੱਕ ਕਹਾਣੀ ਦਾ ਸਾਰ ਲਿਖੋ:**

(ੳ) ਸਾਂਝ (ਸੁਝਾਨ ਸਿੰਘ)

(ਅ) ਮਾੜਾ ਬੰਦਾ (ਪ੍ਰੇਮ ਪ੍ਰਕਾਸ਼) 7

**ਚੌਣਵੀਂ ਪੰਜਾਬੀ**

**ਬਾਰ੍ਹਵੀ-ਸ਼੍ਰੇਣੀ**

**ਨਮੂਨੇ ਦਾ ਪ੍ਰਸ਼ਨ ਪੱਤਰ**

**ਸਮਾਂ: 3 ਘੰਟੇ** **ਲਿਖਤੀ ਅੰਕ: 90**

**ਆਂਤਰਿਕ ਮੁਲਾਂਕਣ: 10**

**ਕੁੱਲ ਅੰਕ: 100**

**1. ਪੁੱਛੇ ਗਏ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:**

(ੳ) ਵਜੀਦ ਜੀ ਅਨੁਸਾਰ ਰੱਬ ਦੇ ਭਾਣੇ ਵਿੱਚ ਕੌਣ ਹਾਥੀਆਂ ਤੇ ਘੋੜਿਆਂ ਦੀ ਸਵਾਰੀ ਕਰਦੇ ਹਨ?

(ਅ) ਗੁਰੂ ਜੀ ਅਨੁਸਾਰ ਸਭ ਜੀਵਾਂ ਦਾ ਪਿਤਾ ਕੌਣ ਹੈ?

(ੲ) ਹਾਫ਼ਿਜ ਬਰਖ਼ੁਰਦਾਰ ਦਾ ਪ੍ਰਸਿੱਧ ਕਿੱਸਾ ਕਿਹੜਾ ਹੈ?

(ਸ) ਕਿਹੜੇ ਕਵੀ ਨੂੰ ਪੰਜਾਬੀ ਦਾ 'ਕੌਮੀ' ਕਵੀ ਕਿਹਾ ਜਾਂਦਾ ਹੈ?

(ਹ) ਬਾਲ ਪੂਰਨ ਸਿੰਘ ਦੀ ਵਾਲ਼ਾਂ ਦੀ ਮੀਢੀ ਨਾਲ਼ ਉਸ ਦੀ ਮਾਂ ਨੇ ਕੀ ਗੁੰਦ ਦਿੱਤਾ ?

(ਕ) ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਨੁਸਾਰ ਯੂਰਪ ਦਾ ਸਭ ਤੋਂ ਸਾਫ਼ ਮੁਲਕ ਕਿਹੜਾ ਸੀ?

(ਖ) 'ਕਵਿਤਾ' ਦੀ ਸਿਰਜਨਾ ਕਿਹੋ-ਜਿਹਾ ਮਨੁੱਖ ਕਰ ਸਕਦਾ ਹੈ?

(ਗ) 6 +7=13 ਵਰਨਾਂ ਵਾਲ਼ੇ ਛੰਦ ਦਾ ਨਾਂ ਲਿਖੋ।

(ਘ) ਜਿੱਥੇ ਉਪਮੇਯ ਅਤੇ ਉਪਮਾਨ ਨੂੰ ਇੱਕ ਰੂਪ ਕਰ ਕੇ ਦੱਸਿਆ ਜਾਵੇ, ਉੱਥੇ ਕਿਹੜਾ ਅਲੰਕਾਰ ਹੁੰਦਾ ਹੈ?

(ਙ) 'ਚੰਡੀ ਦੀ ਵਾਰ' ਕਿਹੜੇ ਰਸ ਦਾ ਨਮੂਨਾ ਹੈ? 10×1=10

**2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਦੱਸ ਕੇ ਵਿਆਖਿਆ ਲਿਖੋ:**

(ੳ) ਜੋਗੀ ਛੱਡ ਜਹਾਨ ਫ਼ਕੀਰ ਹੋਏ,

ਇਸ ਜੱਗ ਵਿੱਚ ਬਹੁਤ ਖਵਾਰੀਆਂ ਨੇ।

ਲੈਣ ਦੇਣ ਤੇ ਦਗ਼ਾ ਅਨਿਆਉਂ ਕਰਨਾ,

ਲੁੱਟ ਖੁੱਠ ਤੇ ਚੋਰੀਆਂ ਯਾਰੀਆਂ ਨੇ।

(ਅ) ਬੈਣ ਸੁਣੰਦੀ ਦੁਰਗਾ ਹੱਸੀ ਹੜ ਹੜਾਇ

ਓਹੀ ਸ਼ੀਹੁ ਮੰਗਾਇਆ ਰਾਕਸ ਭਖਣਾ

ਚਿੰਤਾ ਕਰਹੁ ਨ ਕਾਈ ਦੇਵਾਂ ਨੂੰ ਆਖਿਆ

ਰੋਹ ਹੋਈ ਮਹਾਮਾਈ ਰਾਕਸ਼ ਮਾਰਣੇ।

(ੲ) ਸੇ-ਸਾਬਤੀ ਰਹੀ ਨਾ ਵਿਚ ਉਸ ਦੇ, ਮੈਨੂੰ ਪਕੜ ਕੇ ਪਾਸ ਬਹਾਨ ਲੱਗੀ।

ਗੁਰੂ ਨਾਥ ਜੀ ਗੱਲ ਨੂੰ ਸਮਝਿਆ ਜੇ, ਕੜਾ ਜ਼ਿਮੀ ਅਸਮਾਨ ਦਾ ਢਾਹਨ ਲੱਗੀ।

ਕੰਨੀ ਖਿਚ ਮੈਂ ਅੰਦਰੋਂ ਬਾਹਰ ਆਇਆ, ਜਦੋਂ ਧਰਮ ਡਿਠਾ ਜਿੰਦ ਜਾਨ ਲੱਗੀ।

ਕਾਦਰਯਾਰ ਜਾਂ ਰਾਤ ਨੂੰ ਆਇਆ ਰਾਜਾ, ਉਹਨੂੰ ਅਲਸਾਂ ਨਾਲ ਸਿਖਾਨ ਲੱਗੀ

(ਸ) ਆਖਣੁ ਆਖਿ ਨ ਰਜਿਆ ਸੁਨਣ ਨ ਰਜੇ ਕੰਨ॥

ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ॥

ਭੁਖਿਆ ਭੁਖ ਨਾ ਉਤਰੈ ਗਲੀ ਭੁਖ ਨ ਜਾਇ॥

ਨਾਨਕ ਭੁਚਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥ 8+8=16

**3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਦਾ ਕੇਂਦਰੀ ਭਾਵ ਲਿਖੋ:**

(ੳ) ਦੁਖ ਤਦੇ ਜਾ ਵਿਸਰਿ ਜਾਵੈ

(ਅ) ਰਾਂਝੇ ਦੀ ਜੋਗ ਲੈਣ ਲਈ ਬੇਨਤੀ

(ੲ) ਕਰਨਾਲ ਦੀ ਲੜਾਈ 5

4. ਗੁਰਮਿਤ ਕਾਵਿ-ਧਾਰਾ ਦੀਆਂ ਪ੍ਰਾਪਤੀਆਂ ਉੱਤੇ ਇੱਕ ਨਟੋ ਲਿਖੋ।

ਜਾਂ

ਦਮੋਦਰ ਦੇ ਜੀਵਨ, ਰਚਨਾ ਤੇ ਉਸ ਦੀ ਕਾਵਿ-ਕਲਾ ਉੱਤੇ ਇੱਕ ਨੋਟ ਲਿਖੋ। 15

**5. 'ਆਪ-ਬੀਤੀਆਂ' ਪਾਠ-ਪੁਸਤਕ ਦੇ ਅਧਾਰ ਤੇ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ:**

(ੳ) ਮੁੱਢਲੀ ਅਵਸਥਾ ਤੇ ਮਿਡਲ ਦੀ ਪੜ੍ਹਾਈ' ਸਵੈਜੀਵਨੀ-ਅੰਸ਼ਾਂ ਵਿੱਚੋਂ ਪ੍ਰਿੰ:ਤੇਜਾ ਸਿੰਘ ਦੀ ਜਿਹੋ-ਜਿਹੀ ਸ਼ਖ਼ਸੀਅਤ ਉਭੱਰਦੀ ਹੈ, ਉਸ ਦਾ ਚਿਤਰਨ ਕਰੋ।

(ਅ) ਪ੍ਰਿੰ: ਸਾਹਿਬ ਸਿੰਘ ਨੂੰ ਅੱਗੇ ਵਧਣ ਦੀ ਪ੍ਰੇਰਨਾਂ ਕਿੱਥੋਂ-ਕਿੱਥੋਂ ਮਿਲ਼ਦੀ ਰਹੀ?

(ੲ) ਲੇਖਕ ਡਾ. ਮਹਿੰਦਰ ਸਿੰਘ ਰੰਧਾਵਾ ਨੇ ਆਈ.ਸੀ.ਐੱਸ. ਪਾਸ ਕਰਨ ਤੋਂ ਪਹਿਲਾ ਦੀ ਆਪਣੇ ਆਲ਼ੇ-ਦੁਆਲ਼ੇ ਦੀ ਮੰਦਹਾਲੀ ਬਾਰੇ ਜੋ ਕੁਝ ਦੱਸਿਆ ਹੈ, ਉਸ ਨੂੰ ਆਪਣੇ ਸ਼ਬਦਾਂ 'ਚ ਲਿਖੋ।

(ਸ) ਜੀਨੀ, ਮਨੂੰ ਤੇ ਜੱਨਤ ਨੂੰ ਅਰਮੀਕਾ ਵਿੱਚ ਕਿਉਂ ਨਹੀਂ ਸੀ ਪੜ੍ਹਾਉਣਾ ਚਾਹੁੰਦੀ?

(ਹ) ਭਗਤ ਸਿੰਘ ਹੋਰਾਂ ਦੀ ਸ਼ਹੀਦੀ ਬਾਰੇ ਮੇਰਾ ਨਾਮਕਰਨ ਸਵੈਜੀਵਨੀ-ਅੰਸ਼ ਵਿੱਚ ਜੋ ਵੇਰਵਾ ਦਿੱਤਾ ਗਿਆ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ਕ) 'ਆਪਣੀ ਸੋਚ ਦੇ ਗਹਿਰੇ ਸਾਏ' ਸਵੈਜੀਵਨੀ-ਅੰਸ਼ ਵਿੱਚੋਂ ਇਸ ਦੇ ਲੇਖਕ ਡਾ. ਸੁਰਿੰਦਰ ਸਿੰਘ ਵਣਜਾਰਾ ਬੇਦੀ ਦੀ ਸ਼ਖ਼ਸੀਅਤ ਬਾਰੇ ਤੁਹਾਨੂੰ ਜੋ ਜਾਣਕਾਰੀ ਮਿਲ਼ਦੀ ਹੈ ,ਉਸ ਉੱਤੇ ਇੱਕ ਨੋਟ ਲਿਖੋ।

(ਖ) 'ਚੰਡੀਗੜ੍ਹ ਵਿੱਚ ਨਿਯੁਕਤੀ' ਸਵੈਜੀਵਨੀ-ਅੰਸ਼ ਵਿੱਚੋਂ ਲੇਖਕ ਨੇ ਉੱਦਮ ਦੀ ਪ੍ਰਸੰਸਾ ਕਿਵੇਂ ਕੀਤੀ ਹੈ?

(ਗ) ਆਕਲੈਂਡ ਸਕੂਲ ਦੀ ਪ੍ਰਿੰਸੀਪਲ ਕਿਹੋ-ਜਿਹੀ ਔਰਤ ਸੀ ਲੇਖਿਕਾ ਅਜੀਤ ਕੌਰ ਦੀਆਂ ਬੇਟੀਆਂ ਦੇ ਸਰਟੀਫਿਕੇਟ ਦੇਖ ਕੇ ਉਸ ਨੇ ਕੀ ਕਿਹਾ? 5×4=20

**6. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਸਾਹਿਤ-ਰੂਪ ਦੀ ਪਰਿਭਾਸ਼ਾ ਅਤੇ ਤੱਤਾਂ ਉੱਪਰ ਨੋਟ ਲਿਖੋ:**

(ੳ) ਨਾਵਲ

(ਅ) ਇਕਾਂਗੀ

(ੲ) ਸਫ਼ਰਨਾਮਾ 12

**7. ਪੁੱਛੇ ਗਏ ਛੰਦਾਂ, ਅਲੰਕਾਰਾਂ ਅਤੇ ਰਸਾਂ ਬਾਰੇ ਉਦਾਹਰਨਾ ਸਹਿਤ ਉੱਤਰ ਦਿਓ:**

(ੳ) ਬੈਂਤ ਜਾਂ ਕਬਿੱਤ ਛੰਦ

(ਅ) ਰੂਪਕ ਜਾਂ ਅਨੁਪ੍ਰਾਸ ਅਲੰਕਾਰ

(ੲ) ਹਾਸ ਜਾਂ ਸ਼ਾਂਤ ਰਸ । 4+4+4=12